# 1 ਰਾਜਨੀਤਿਕ ਪ੍ਰਣਾਲੀ-ਅਰਥ ਅਤੇ ਵਿਸ਼ੇਸ਼ਤਾਈਆਂ

## (POLITICAL SYSTEM – MEANING AND CHARACTERISTICS)

## MULTIPLE CHOICE TYPE QUESTIONS

I. **ਸ਼ਾਸ਼ਨ ਦੀ ਪ੍ਰਕਿਰਿਆ (Process of Government) ਪੁਸਤਕ ਦਾ ਲੇਖਕ ਹੈ —**

a. ਰਾਬਰਟ ਏ. ਡਾਹਲ
b. ਡੇਵਿਡ ਈਸਟਨ
c. ਆਰਥਰ ਬੈਂਟਲੇ
d. ਬਲੰਸ਼ਲੀ

II. **''ਪ੍ਰਣਾਲੀ ਇਕ ਪੂਰਨ ਇਕਾਈ ਹੈ ਜਿਹੜੀ ਅਨੇਕਾਂ ਭਾਗਾਂ ਦੇ ਮਿਲਣ ਤੋਂ ਬਣਦੀ ਹੈ।'' ਇਹ ਕਥਨ ਹੈ —**

a. ਆਲਮੰਡ ਅਤੇ ਪਾਵਲ
b. ਰਾਬਰਟ ਏ. ਡਾਹਲ
c. ਮੈਕਸ ਵੇਬਰ
d. ਕੋਲਿਨ ਚੈਰੀ

III. **''ਰਾਜਨੀਤਿਕ ਪ੍ਰਣਾਲੀ ਮਨੁੱਖੀ ਸਬੰਧਾਂ ਦਾ ਉਹ ਸਥਾਈ ਨਮੂਨਾ ਹੈ ਜਿਸ ਵਿੱਚ ਕਾਫੀ ਮਾਤਰਾ ਵਿੱਚ ਸ਼ਕਤੀ, ਸ਼ਾਸ਼ਨ ਜਾਂ ਸੱਤਾ ਸ਼ਾਮਲ ਹੈ।'' ਇਹ ਪਰਿਭਾਸ਼ਾ ਹੈ —**

a. ਰਾਬਰਟ ਏ. ਡਾਹਲ
b. ਡੇਵਿਡ ਈਸਟਨ
c. ਬੀਅਰ ਅਤੇ ਉਲਮਾ
d. ਮੈਕਸ ਵੈਬਰ

IV. **ਹੇਠ ਲਿਖਿਆਂ ਵਿੱਚੋਂ ਕਿਹੜੀ ਰਾਜਨੀਤਿਕ ਪ੍ਰਣਾਲੀ ਦੀ ਵਿਸ਼ੇਸ਼ਤਾ ਨਹੀਂ ਹੈ ?**

a. ਮਨੁੱਖੀ ਸਬੰਧਾਂ ਦਾ ਸਥਾਈ ਨਮੂਨਾ
b. ਉਚਿੱਤਤਾਪੂਰਨ ਸ਼ਕਤੀ ਦਾ ਪ੍ਰਯੋਗ
c. ਸੀਮਾਵਾਂ ਦੀ ਅਣਹੋਂਦ
d. ਰਾਜਨੀਤਿਕ ਪ੍ਰਣਾਲੀਆਂ ਦਾ ਮਿਲਿਆ–ਜੁਲਿਆ ਸਰੂਪ

V. **ਹੇਠ ਲਿਖਿਆਂ ਵਿਚੋਂ ਕਿਹੜੀ ਰਾਜਨੀਤਿਕ ਪ੍ਰਣਾਲੀ ਦੀ ਵਿਸ਼ੇਸ਼ਤਾ ਹੈ ?**

a. ਰਾਜਨੀਤਿਕ ਸਾਧਨਾਂ 'ਤੇ ਸਮਾਨ ਕੰਟਰੋਲ
b. ਰਾਜਨੀਤਿਕ ਪ੍ਰਭਾਵ ਦੀ ਸਮਾਨ ਵੰਡ
c. ਰਾਜਨੀਤਿਕ ਢਾਂਚਿਆਂ ਦੀ ਬਹੁਕਾਰਜਾਤਮਕਤਾ
d. ਸੀਮਾਵਾਂ ਦੀ ਅਣਹੋਂਦ

VI. **ਡੇਵਿਡ ਈਸਟਨ ਅਨੁਸਾਰ ਹੇਠ ਲਿਖਿਆਂ ਵਿਚੋਂ ਰਾਜਨੀਤਿਕ ਪ੍ਰਣਾਲੀ ਦਾ ਕਿਹੜਾ ਨਿਕਾਸ ਕਾਰਜ ਹੈ ?**

a. ਵਿਵਹਾਰ ਨੂੰ ਨਿਯਮਬੱਧ ਕਰਨ ਦੀ ਮੰਗ
b. ਸੰਚਾਰ ਅਤੇ ਸੂਚਨਾ ਦੀ ਮੰਗ
c. ਰਾਜਨੀਤਿਕ ਪ੍ਰਣਾਲੀ ਵਿਚ ਭਾਗ ਲੈਣ ਦੀ ਮੰਗ
d. ਵਿਵਹਾਰ ਨੂੰ ਨਿਯਮਤ ਕਰਨਾ

VII. **ਡੇਵਿਡ ਈਸਟਨ ਅਨੁਸਾਰ ਹੇਠ ਲਿਖਿਆਂ ਵਿਚੋਂ ਰਾਜਨੀਤਿਕ ਪ੍ਰਣਾਲੀ ਦਾ ਕਿਹੜਾ ਨਿਕਾਸ ਕਾਰਜ ਨਹੀਂ ਹੈ ?**

a. ਵਿਵਹਾਰ ਨੂੰ ਨਿਯਮਤ ਕਰਨਾ
b. ਵਸਤੂਆਂ ਅਤੇ ਸੇਵਾਵਾਂ ਦੀ ਵੰਡ
c. ਨੀਤੀਆਂ ਅਤੇ ਉਦੇਸ਼ਾਂ ਦਾ ਐਲਾਨ
d. ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰਨਾ

VIII. **ਆਲਮੰਡ ਅਤੇ ਪਾਵਲ ਅਨੁਸਾਰ ਹੇਠ ਲਿਖਿਆਂ ਵਿਚੋਂ ਕਿਹੜਾ ਰਾਜਨੀਤਿਕ ਪ੍ਰਣਾਲੀ ਦਾ ਨਿਕਾਸ ਕਾਰਜ ਹੈ ?**

a. ਰਾਜਨੀਤਿਕ ਸਮਾਜੀਕਰਨ ਅਤੇ ਭਰਤੀ
b. ਹਿੱਤ ਸਮੂਹੀਕਰਨ
c. ਨਿਯਮਾਂ ਨੂੰ ਲਾਗੂ ਕਰਨਾ
d. ਹਿੱਤ ਸਪਸ਼ਟੀਕਰਨ

IX. **ਹੇਠ ਲਿਖਿਆਂ ਵਿਚੋਂ ਰਾਜ ਅਤੇ ਰਾਜਨੀਤਿਕ ਪ੍ਰਣਾਲੀ ਵਿਚਕਾਰ ਕਿਹੜਾ ਅੰਤਰ ਨਹੀਂ ਹੈ ?**

a. ਰਾਜ ਅਤੇ ਰਾਜਨੀਤਿਕ ਪ੍ਰਣਾਲੀ ਦਾ ਸਰੂਪ ਸਮਾਨ ਹੁੰਦਾ ਹੈ।
b. ਰਾਜ ਅਤੇ ਰਾਜਨੀਤਿਕ ਪ੍ਰਣਾਲੀ ਦੇ ਨਿਰਮਾਣਕ ਤੱਤਾਂ ਵਿਚਕਾਰ ਅੰਤਰ ਹੁੰਦਾ ਹੈ।
c. ਰਾਜ ਅਤੇ ਰਾਜਨੀਤਿਕ ਪ੍ਰਣਾਲੀ ਦੀਆਂ ਸੀਮਾਵਾਂ ਵਿਚਕਾਰ ਅੰਤਰ ਹੁੰਦਾ ਹੈ।
d. ਸਾਰੇ ਰਾਜ ਸਮਾਨ ਹੁੰਦੇ ਹਨ ਜਦਕਿ ਰਾਜਨੀਤਿਕ ਪ੍ਰਣਾਲੀਆਂ ਵਿਚਕਾਰ ਭਿੰਨਤਾ ਹੁੰਦੀ ਹੈ।

X. **ਹੇਠ ਲਿਖਿਆਂ ਵਿਚੋਂ ਕਿਸ ਵਿਦਵਾਨ ਦੁਆਰਾ 'ਰਾਜਨੀਤਿਕ ਪ੍ਰਣਾਲੀ' ਦੀ ਧਾਰਨਾ ਦਾ ਪਹਿਲੀ ਵਾਰ ਪ੍ਰਯੋਗ ਕੀਤਾ ਗਿਆ ਸੀ ?**

a. ਰਾਬਰਟ ਏ. ਡਾਹਲ
b. ਆਲਮੰਡ ਅਤੇ ਪਾਵਲ
c. ਮੈਕਸ ਵੈਬਰ
d. ਡੇਵਿਡ ਈਸਟਨ

**Ans.** I. c, II. d, III. a, IV. c, V. c, VI. d, VII. d, VIII. c, IX. a, X. d

◆◆◆◆◆

# 2 ਕੁਝ ਪ੍ਰਮੁੱਖ ਸਮਕਾਲੀ ਰਾਜਨੀਤਿਕ ਵਿਚਾਰਧਾਰਾਵਾਂ : ਉਦਾਰਵਾਦ

*(SOME MAJOR CONTEMPORARY POLITICAL THEORIES : LIBERALISM)*

## MULTIPLE CHOICE TYPE QUESTIONS

**I.** **"ਸਾਧਾਰਨ ਰੂਪ ਵਿੱਚ ਉਦਾਰਵਾਦ ਵਿਅਕਤੀਗੱਤ ਸੁਤੰਤਰਤਾ, ਨਿਆਂਇਕ ਸੁਰੱਖਿਆ ਅਤੇ ਸੰਵਿਧਾਨਿਕ ਰਾਜ ਦਾ ਸਿਧਾਂਤ ਅਤੇ ਵਿਵਹਾਰ ਹੈ।" ਇਹ ਕਥਨ ਹੈ—**

a. ਸਾਰਟੋਰੀ    b. ਲਾਸਕੀ
c. ਹੈਲੋਵੈਲ    d. ਅਰਸਤੂ

**II.** **"ਇਸ ਵਿੱਚ ਕੋਈ ਸ਼ੱਕ ਨਹੀਂ ਕਿ ਉਦਾਰਵਾਦ ਦਾ ਸੁਤੰਤਰਤਾ ਨਾਲ ਸਿੱਧਾ ਸਬੰਧ ਹੈ।" ਇਹ ਕਥਨ ਹੈ—**

a. ਹੈਲੋਵੈਲ    b. ਸਾਰਟੋਰੀ
c. ਲਾਸਕੀ    d. ਪਲੈਟੋ

**III.** **"ਉਦਾਰਵਾਦ ਇੱਕ ਰਾਜਨੀਤਿਕ ਸਿਧਾਂਤ ਹੈ, ਜੋ ਕਿ ਦੋ ਵੱਖ-ਵੱਖ ਤੱਤਾਂ ਦਾ ਮਿਸ਼ਰਣ ਹੈ, ਇਹਨਾਂ ਵਿਚੋਂ ਇਕ ਤੱਤ ਲੋਕਤੰਤਰ ਹੈ ਅਤੇ ਦੂਜਾ ਵਿਅਕਤੀਵਾਦ ਹੈ।" ਇਹ ਕਥਨ ਹੈ—**

a. ਬਰਟ੍ਰੰਡ ਰਸਲ    b. ਬਲੰਸ਼ਲੀ
c. ਹਾਬਸ    d. ਵਿਲੀਅਮ ਮੈਕਗਵਰਨ

**IV.** **ਹੇਠ ਲਿਖਿਆਂ ਵਿਚੋਂ ਕਿਹੜਾ ਵਿਦਵਾਨ ਪ੍ਰੰਪਰਾਵਾਦੀ ਉਦਾਰਵਾਦ ਦਾ ਸਮਰਥਕ ਹੈ ?**

a. ਕਾਰਲਾਇਲ    b. ਹਾਬਹਾਊਸ
c. ਰਸਕਿਨ    d. ਐਡਮ ਸਮਿੱਥ

**V.** **ਹੇਠ ਲਿਖਿਆਂ ਵਿੱਚੋਂ ਕਿਹੜਾ ਵਿਦਵਾਨ ਆਧੁਨਿਕ ਉਦਾਰਵਾਦ ਦਾ ਸਮਰਥਕ ਹੈ ?**

a. ਜਾਹਨ ਲਾਕ    b. ਜੀ. ਡੀ. ਐਚ. ਕੋਲ
c. ਐਡਮ ਸਮਿੱਥ    d. ਲਾਸਕੀ

**VI.** **'ਵੱਧ ਤੋਂ ਵੱਧ ਲੋਕਾਂ ਦੀ ਵੱਧ ਤੋਂ ਵੱਧ ਖੁਸ਼ੀ' (Maximum Happiness of Maximum People) ਦੇ ਵਿਚਾਰ ਦੇ ਸਮਰਥਕ ਸਨ—**

a. ਆਦਰਸ਼ਵਾਦੀ    b. ਸਮਾਜਵਾਦੀ
c. ਉਪਯੋਗਤਾਵਾਦੀ    d. ਵਿਅਕਤੀਵਾਦੀ

**VII.** **'The Spirit of Laws' ਪੁਸਤਕ ਦਾ ਲੇਖਕ ਸੀ—**

a. ਬੈਂਥਮ    b. ਮਾਂਟੇਸਕਿਊ
c. ਜੇ. ਐਸ. ਮਿੱਲ    d. ਰੂਸੋ

**VIII.** **ਸ਼ਾਸ਼ਨ ਉੱਤੇ ਦੋ ਨਿਬੰਧ (Two Treatises on Government) ਪੁਸਤਕ ਦਾ ਲੇਖਕ ਸੀ—**

a. ਜਾਹਨ ਲਾਕ    b. ਲਾਸਕੀ
c. ਰੂਸੋ    d. ਹਰਬਰਟ ਸਪੈਂਸਰ

**IX.** **ਹੇਠ ਲਿਖਿਆਂ ਵਿੱਚੋਂ ਕਿਹੜਾ ਪ੍ਰੰਪਰਾਵਾਦੀ ਉਦਾਰਵਾਦੀਆਂ ਦਾ ਸਿਧਾਂਤ ਨਹੀਂ ਹੈ ?**

a. ਸੁਤੰਤਰ ਵਪਾਰ ਅਤੇ ਖੁਲ੍ਹੇ ਮੁਕਾਬਲੇ ਦਾ ਸਮਰਥਨ    b. ਆਰਥਿਕ ਅਤੇ ਰਾਜਨੀਤਿਕ ਵਿਕੇਂਦਰੀਕਰਨ
c. ਕੁਦਰਤੀ ਅਧਿਕਾਰਾਂ ਦੇ ਸਿਧਾਂਤ ਦਾ ਖੰਡਨ    d. ਰਾਜਨੀਤਿਕ ਸੁਤੰਤਰਤਾਵਾਂ ਦਾ ਸਮਰਥਨ

X. **ਹੇਠ ਲਿਖਿਆਂ ਵਿੱਚੋਂ ਕਿਹੜਾ ਆਧੁਨਿਕ ਉਦਾਰਵਾਦੀਆਂ ਦਾ ਸਿਧਾਂਤ ਨਹੀਂ ਹੈ ?**

a. ਮਾਨਵਤਾਵਾਦ ਵਿੱਚ ਵਿਸ਼ਵਾਸ਼ b. ਖੁਲ੍ਹੇ ਮੁਕਾਬਲੇ ਅਤੇ ਸੁਤੰਤਰ ਵਪਾਰ ਦਾ ਸਮਰਥਨ

c. ਕੁਦਰਤੀ ਅਧਿਕਾਰਾਂ ਦੇ ਸਿਧਾਂਤ ਦਾ ਖੰਡਨ d. ਵਿਅਕਤੀ ਦੀ ਵਿਵੇਕਸ਼ੀਲਤਾ ਵਿੱਚ ਵਿਸ਼ਵਾਸ਼

**Ans.** I. a, II. c, III. d, IV. d, V. b, VI. c, VII. b, VIII. a, IX. c, X. b

# 3 ਕੁਝ ਪ੍ਰਮੁੱਖ ਸਮਕਾਲੀ ਰਾਜਨੀਤਿਕ ਵਿਚਾਰਧਾਰਾਵਾਂ : ਮਾਰਕਸਵਾਦ

## (SOME MAJOR CONTEMPORARY POLITICAL THEORIES : MARXISM)

## MULTIPLE CHOICE TYPE QUESTIONS

I. **ਹੇਠ ਲਿਖਿਆਂ ਵਿੱਚੋਂ ਵਿਗਿਆਨਕ ਸਮਾਜਵਾਦ ਦਾ ਪਿਤਾਮਾ ਕਿਸ ਨੂੰ ਮੰਨਿਆ ਜਾਂਦਾ ਹੈ ?**

a. ਕਾਰਲ ਮਾਰਕਸ b. ਲੈਨਿਨ

c. ਪਲੈਟੋ d. ਸਟਾਲਿਨ

II. **ਸਾਮਵਾਦੀ ਐਲਾਨਨਾਮੇ (Manifesto of the Communist Party) ਦਾ ਲੇਖਕ ਕੌਣ ਸੀ ?**

a. ਮਾਉ-ਤਸੇ-ਤੁੰਗ b. ਅਰਸਤੂ

c. ਡੇਂਗ ਜਿਆਉ ਪਿੰਗ d. ਕਾਰਲ ਮਾਰਕਸ

III. **ਹੇਠ ਲਿਖਿਆਂ ਵਿੱਚੋਂ ਕਿਸ ਦੇਸ਼ ਵਿੱਚ ਕਾਰਲ ਮਾਰਕਸ ਦਾ ਜਨਮ ਹੋਇਆ ਸੀ ?**

a. ਇੰਗਲੈਂਡ b. ਜਰਮਨੀ

c. ਫਰਾਂਸ d. ਅਮਰੀਕਾ

IV. **ਕਾਰਲ ਮਾਰਕਸ ਦਾ ਜਨਮ ਹੋਇਆ ਸੀ :**

a. 1808 b. 1810

c. 1818 d. 1820

V. **"ਅਜਿਹੇ ਵਿਅਕਤੀ ਨੂੰ ਅਸੀਂ ਅੱਖੋਂ ਉਹਲੇ ਨਹੀਂ ਕਰ ਸਕਦੇ ਜਿਸਨੇ ਸਾਰੇ ਸੰਸਾਰ ਨੂੰ ਦੋ ਗੁੱਟਾਂ ਵਿੱਚ ਵੰਡ ਦਿੱਤਾ ਹੈ।" ਇਹ ਕਥਨ ਹੈ :**

a. ਮੈਕਸੇ b. ਰਾਬਰਟ ਓਵਨ

c. ਸੀ. ਐਲ. ਵੇਪਰ d. ਸਟਾਲਿਨ

VI. **"ਉਹਨਾਂ ਨੇ ਕੇਵਲ ਸੁੰਦਰ ਗੁਲਾਬ ਦੇ ਨਜ਼ਾਰੇ ਲਏ ਸਨ, ਪਰੰਤੂ ਗੁਲਾਬ ਦੇ ਪੌਦਿਆਂ ਲਈ ਜ਼ਮੀਨ ਤਿਆਰ ਨਹੀਂ ਸੀ ਕੀਤੀ ਅਤੇ ਉਹਨਾਂ ਨੂੰ ਕੇਵਲ ਸੁੰਦਰਤਾ ਦਾ ਭੋਜਨ ਦਿੱਤਾ ਸੀ।" ਇਹ ਕਥਨ ਹੈ:**

a. ਜੀ. ਲੂਕਸ b. ਪਲੇਖਾਨੋਵ

c. ਸੀ. ਐਲ. ਵੇਪਰ d. ਸੇਂਟ ਸਾਈਮਨ

VII. **ਹੇਠ ਲਿਖਿਆਂ ਵਿੱਚੋਂ ਕਿਹੜਾ ਕਲਪਨਾਵਾਦੀ ਸਮਾਜਵਾਦੀ ਸੀ ?**

a. ਕਾਰਲ ਮਾਰਕਸ b. ਫ੍ਰੈਡਰਿਕ ਏਂਗਲ

c. ਸੇਂਟ ਸਾਈਮਨ d. ਲੈਨਿਨ

VIII. **ਹੇਠ ਲਿਖਿਆਂ ਵਿੱਚੋਂ ਕਿਹੜਾ ਵਿਦਵਾਨ ਕਲਪਨਾਵਾਦੀ ਸਮਾਜਵਾਦੀ ਨਹੀਂ ਸੀ ?**

a. ਪਲੈਟੋ b. ਚਾਰਲਸ ਫੋਰੀਅਰ

c. ਕਾਰਲ ਮਾਰਕਸ d. ਸੇਂਟ ਸਾਈਮਨ

IX. **ਹੇਠ ਲਿਖਿਆਂ ਵਿੱਚੋਂ ਕਿਹੜਾ ਮਾਰਕਸਵਾਦੀ ਸਿਧਾਂਤ ਨਹੀਂ ਹੈ ?**

a. ਭੌਤਿਕ ਦਵੰਦਵਾਦ ਵਿੱਚ ਵਿਸ਼ਵਾਸ਼ b. ਰਾਜ ਰਹਿਤ ਅਤੇ ਵਰਗ ਰਹਿਤ ਸਮਾਜ ਦੀ ਸਥਾਪਨਾ

c. ਵਾਧੂ ਮੁੱਲ ਦਾ ਸਿਧਾਂਤ d. ਨਿੱਜੀ ਖੇਤਰ ਦੀ ਸਰੇਸ਼ਟਤਾ

X. ਹੇਠ ਲਿਖਿਆਂ ਵਿੱਚੋਂ ਕਿਹੜਾ ਮਾਰਕਸਵਾਦੀ ਸਿਧਾਂਤ ਹੈ ?

a. ਸੰਵਿਧਾਨਿਕ ਵਿੱਧੀਆਂ ਵਿੱਚ ਵਿਸ਼ਵਾਸ਼ b. ਇਕ ਪਾਰਟੀ ਸ਼ਾਸ਼ਨ

c. ਰਾਜ ਕੁਦਰਤੀ ਸੰਸਥਾ ਹੈ d. ਪੂੰਜੀਵਾਦ ਦਾ ਪ੍ਰਸਾਰ

**Ans.** I. a, II. d, III. b, IV. c, V. a, VI. c, VII. c, VIII. c, IX. d, X. b

# 4 ਮਹਾਤਮਾ ਗਾਂਧੀ ਦੇ ਰਾਜਨੀਤਿਕ ਵਿਚਾਰ

## (POLITICAL IDEAS OF MAHATMA GANDHI)

## MULTIPLE CHOICE TYPE QUESTIONS

**I. ਮਹਾਤਮਾ ਗਾਂਧੀ ਦਾ ਜਨਮ ਹੋਇਆ ਸੀ—**

a. 2 ਅਕਤੂਬਰ, 1869 b. 26 ਜਨਵਰੀ, 1860

c. 5 ਅਕਤੂਬਰ, 1867 d. 7 ਅਕਤੂਬਰ, 1868

**II. ਹੇਠ ਲਿਖਿਆਂ ਵਿੱਚੋਂ ਕਿਸ ਦਾ ਗਾਂਧੀ ਜੀ ਤੇ ਪ੍ਰਭਾਵ ਨਹੀਂ ਸੀ ?**

a. ਭਗਵਤ ਗੀਤਾ b. ਬਾਈਬਲ

c. ਫਾਸੀਵਾਦ d. ਟਾਲਸਟਾਏ

**III. 'Kingdom of God is Within You' ਪੁਸਤਕ ਦਾ ਲੇਖਕ ਕੌਣ ਸੀ ?**

a. ਹੈਨਰੀ ਡੇਵਿਡ ਥੋਰੇ b. ਟਾਲਸਟਾਏ

c. ਮਹਾਤਮਾ ਗਾਂਧੀ d. ਜੌਹਨ ਰਸਕਿਨ

**IV. ਮਹਾਤਮਾ ਗਾਂਧੀ ਜੀ ਦਾ ਰਾਜਨੀਤਿਕ ਗੁਰੂ ਸੀ:**

a. ਬਾਲ ਗੰਗਾਧਰ ਤਿਲਕ b. ਰਾਜਾਰਾਮ ਮੋਹਨ ਰਾਏ

c. ਸੁਰਿੰਦਰ ਨਾਥ ਬੈਨਰਜੀ d. ਗੋਪਾਲ ਕ੍ਰਿਸ਼ਨ ਗੋਖਲੇ

**V. ਗਾਂਧੀ ਜੀ ਦੇ ਆਰਥਿਕ ਦ੍ਰਿਸ਼ਟੀਕੋਣ ਨੂੰ ਪ੍ਰਭਾਵਿਤ ਕੀਤਾ ਸੀ :**

a. ਜੌਹਨ ਰਸਕਿਨ b. ਹੈਨਰੀ ਡੇਵਿਡ ਥੋਰੇ

c. ਕਾਰਲ ਮਾਰਕਸ d. ਟਾਲਸਟਾਏ

**VI. 'Unto this Last' ਪੁਸਤਕ ਦਾ ਲੇਖਕ ਸੀ:**

a. ਰਾਬਿੰਦਰ ਨਾਥ ਟੈਗੋਰ b. ਬਾਲ ਗੰਗਾਧਰ ਤਿਲਕ

c. ਜੌਹਨ ਰਸਕਿਨ d. ਲੈਨਿਨ

**VII. "ਗਾਂਧੀ ਮਰ ਸਕਦਾ ਹੈ, ਪਰੰਤੂ ਗਾਂਧੀਵਾਦ ਸਦਾ ਜੀਉਂਦਾ ਰਹੇਗਾ।" ਇਹ ਕਥਨ ਹੈ:**

a. ਅਲਬਰਟ ਆਈਨ ਸਟਾਈਨ b. ਮਹਾਤਮਾ ਗਾਂਧੀ

c. ਜਵਾਹਰ ਲਾਲ ਨਹਿਰੂ d. ਸਰਦਾਰ ਪਟੇਲ

**VIII. ਹੇਠ ਲਿਖਿਆਂ ਵਿੱਚੋਂ ਕਿਹੜਾ ਵਿਚਾਰ ਗਾਂਧੀ ਜੀ ਦਾ ਨਹੀਂ ਸੀ ?**

a. ਰਾਜ ਸਾਧਨ ਹੈ ਨਾ ਕਿ ਉਦੇਸ਼ b. ਉਦੇਸ਼ਾਂ ਅਤੇ ਸਾਧਨਾਂ ਵਿਚਕਾਰ ਗੂੜ੍ਹੇ ਸਬੰਧ

c. ਅਹਿੰਸਾ ਵਿੱਚ ਵਿਸ਼ਵਾਸ਼ d. ਵਰਗ ਸੰਘਰਸ਼ ਵਿੱਚ ਵਿਸ਼ਵਾਸ਼

**IX. ਹੇਠ ਲਿਖਿਆਂ ਵਿੱਚੋਂ ਕਿਹੜਾ ਵਿਚਾਰ ਗਾਂਧੀ ਜੀ ਦਾ ਹੈ ?**

a. ਬਹੁਮੱਤ ਦੇ ਸਿਧਾਂਤ ਦਾ ਸਮਰਥਨ b. ਰਾਜ ਟੀਚਾ ਹੈ ਨਾ ਕਿ ਸਾਧਨ

c. ਸੁਧਾਰਵਾਦੀ ਸਜ਼ਾਵਾਂ ਦਾ ਸਮਰਥਨ d. ਰਾਸ਼ਟਰਵਾਦ ਅਤੇ ਅੰਤਰਰਾਸ਼ਟਰਵਾਦ ਵਿੱਚ ਵਿਰੋਧ

**X. ਹੇਠ ਲਿਖਿਆਂ ਵਿੱਚੋਂ ਕਿਹੜੀ ਵਿਸ਼ੇਸ਼ਤਾ ਮਹਾਤਮਾ ਗਾਂਧੀ ਜੀ ਦੇ ਆਦਰਸ਼ ਰਾਜ ਦੀ ਨਹੀਂ ਸੀ ?**

a. ਰਾਜ ਦੇ ਧਰਮ ਨਿਰਪੱਖ ਸਰੂਪ ਵਿੱਚ ਵਿਸ਼ਵਾਸ਼ b. ਆਰਥਿਕ ਅਤੇ ਰਾਜਨੀਤਿਕ ਸ਼ਕਤੀਆਂ ਦਾ ਵਿਕੇਂਦਰੀਕਰਨ

c. ਰਾਜ ਦੀ ਨਿਰੰਕੁਸ਼ ਪ੍ਰਭਸੱਤਾ ਦਾ ਵਿਰੋਧ    d. ਕਠੋਰ ਸਜਾਵਾਂ ਦਿੱਤੇ ਜਾਣ ਦਾ ਸਮਰਥਨ

**Ans.** I. a, II. c, III. b, IV. d, V. a, VI. c, VII. b, VIII. d, IX. c, X. d

◆◆◆◆◆

# 5 ਨੌਕਰਸ਼ਾਹੀ-ਅਸੈਨਿਕ ਸੇਵਾਵਾਂ

## (BUREAUCRACY-CIVIL SERVICES)

## MULTIPLE CHOICE TYPE QUESTIONS

**I. 'Bureau' ਸ਼ਬਦ ਕਿਸ ਭਾਸ਼ਾ ਦੇ ਸ਼ਬਦ ਤੋਂ ਲਿਆ ਗਿਆ ਹੈ ?**

a. ਯੂਨਾਨੀ    b. ਫਰਾਂਸੀਸੀ

c. ਇਟਾਲਵੀ    d. ਅੰਗਰੇਜ਼ੀ

**II. "ਨੌਕਰਸ਼ਾਹੀ ਤਕਨੀਕੀ ਪੱਖ ਤੋਂ ਸਿੱਖਿਅਤ ਵਿਅਕਤੀਆਂ ਦਾ ਪੇਸ਼ਾਵਰ ਵਰਗ ਹੈ ਜੋ ਕਿ ਤਰਤੀਬਵਾਰ ਸੰਗਠਿਤ ਹੁੰਦੇ ਹਨ ਅਤੇ ਨਿਰਪੱਖ ਰੂਪ ਵਿਚ ਰਾਜ ਦੀ ਸੇਵਾ ਕਰਦੇ ਹਨ।" ਇਹ ਕਥਨ ਹੈ :**

a. ਪ੍ਰੋ: ਵਿਲੋਬੀ    b. ਪਾਲ ਐਪਲਬਾਈ

c. ਹਰਮਨ ਫਾਈਨਰ    d. ਡਾ: ਗਾਰਨਰ

**III. "ਅਸੈਨਿਕ ਸੇਵਾ ਪੇਸ਼ਾਵਰ ਅਧਿਕਾਰੀਆਂ ਦਾ ਸਥਾਈ, ਤਨਖਾਹਦਾਰ ਅਤੇ ਨਿਪੁੰਨ ਵਰਗ ਹੁੰਦਾ ਹੈ।" ਇਹ ਕਥਨ ਹੈ :**

a. ਹਰਮਨ ਫਾਈਨਰ    b. ਪ੍ਰੋ: ਵਿਲੋਬੀ

c. ਡਾ: ਗਾਰਨਰ    d. ਰੈਮਜ਼ੇ ਮਿਉਰ

**IV. ਹੇਠ ਲਿਖਿਆਂ ਵਿੱਚੋ ਕਿਹੜੀ ਨੌਕਰਸ਼ਾਹੀ ਦੀ ਵਿਸ਼ੇਸ਼ਤਾ ਨਹੀਂ ਹੈ ?**

a. ਪੇਸ਼ਾਵਰ ਅਤੇ ਨਿਪੁੰਨ ਵਰਗ    b. ਅਹੁਦਿਆਂ ਦੀ ਤਰਤੀਬ

c. ਨਿਸ਼ਚਿਤ ਮਿਆਦ    d. ਰਾਜਨੀਤਿਕ ਆਧਾਰ ਤੇ ਭਰਤੀ

**V. ਹੇਠ ਲਿਖਿਆਂ ਵਿਚੋਂ ਕਿਹੜੀ ਨੌਕਰਸ਼ਾਹੀ ਦੀ ਵਿਸ਼ੇਸ਼ਤਾ ਹੈ ?**

a. ਅਨਾੜੀ ਲੋਕਾਂ ਦੀ ਜਮਾਤ    b. ਰਾਜਨੀਤਿਕ ਆਧਾਰ ਤੇ ਭਰਤੀ

c. ਨਿਸ਼ਚਿਤ ਕਾਰਜਕਾਲ    d. ਗੈਰ-ਜ਼ਿੰਮੇਵਾਰੀ

**VI. ਹੇਠ ਲਿਖਿਆਂ ਵਿਚੋਂ ਕਿਹੜਾ ਨੌਕਰਸ਼ਾਹੀ ਦਾ ਕਾਰਜ ਨਹੀਂ ਹੈ ?**

a. ਮੰਤਰੀਆਂ ਨੂੰ ਸਲਾਹ-ਮਸ਼ਵਰਾ ਪ੍ਰਦਾਨ ਕਰਨਾ    b. ਕਾਨੂੰਨਸਾਜੀ ਕਰਨਾ

c. ਨੀਤੀਆਂ ਨੂੰ ਲਾਗੂ ਕਰਨਾ    d. ਲੋਕਾਂ ਦੀਆਂ ਸ਼ਿਕਾਇਤਾਂ ਸੁਣਨਾ ਅਤੇ ਦੂਰ ਕਰਨਾ

**VII. ਹੇਠ ਲਿਖਿਆਂ ਵਿਚੋਂ ਕਿਹੜਾ ਨੌਕਰਸ਼ਾਹੀ ਦਾ ਕਾਰਜ ਹੈ ?**

a. ਰਾਜ ਪ੍ਰਬੰਧ ਚਲਾਉਣਾ    b. ਬਜਟ ਪਾਸ ਕਰਨਾ

c. ਕਾਨੂੰਨ ਬਣਾਉਣਾ    d. ਰਾਜ ਦੀਆਂ ਸਰੱਹਦਾਂ ਦੀ ਰਾਖੀ ਕਰਨਾ

**VIII. ਹੇਠ ਲਿਖਿਆਂ ਵਿਚੋਂ ਕਿਹੜੀ ਰਾਜਨੀਤਿਕ ਕਾਰਜਪਾਲਿਕਾ ਦੀ ਵਿਸ਼ੇਸ਼ਤਾ ਨਹੀਂ ਹੈ ?**

a. ਸ਼ਕਤੀਆਂ ਦਾ ਰਾਜਨੀਤਿਕ ਆਧਾਰ    b. ਕਾਨੂੰਨਸਾਜੀ ਤੇ ਸਰਵਉੱਚ ਕੰਟਰੋਲ

c. ਰਾਜ ਪ੍ਰਬੰਧ ਚਲਾਉਣ ਸਬੰਧੀ ਅਨਾੜੀ ਵਰਗ    d. ਸਥਾਈ ਕਾਰਜਕਾਲ

**IX. ਹੇਠ ਲਿਖਿਆਂ ਵਿਚੋਂ ਕਿਹੜਾ ਚੰਗੀ ਨੌਕਰਸ਼ਾਹੀ ਦਾ ਗੁਣ ਨਹੀਂ ਹੈ ?**

a. ਯੋਗਤਾ    b. ਕਿੱਤੇ ਵਿਚ ਨਿਪੁੰਨਤਾ

c. ਲੋਕਾਂ ਤੋਂ ਦੂਰੀ    d. ਰਾਜਨੀਤਿਕ ਨਿਰਪੱਖਤਾ

**X** ਨੌਕਰਸ਼ਾਹੀ ਦਾ ਕਾਰਜਕਾਲ .......... ਹੁੰਦਾ ਹੈ।

a. ਨਿਸ਼ਚਿਤ    b. ਅਨਿਸ਼ਚਿਤ

c. 5 ਸਾਲ    d. 10 ਸਾਲ

**Ans.** I. b II.b III. a IV. d V. c VI. b VII. a VIII. d IX. C, X. a

◆◆◆◆◆

# 9 ਸੰਸਦੀ ਪ੍ਰਣਾਲੀ ਦਾ ਨਮੂਨਾ

## (PARLIAMENTARY MODEL)

## MULTIPLE CHOICE TYPE QUESTIONS

**I. "ਮੰਤਰੀ ਮੰਡਲ ਸਰਕਾਰ ਅਜਿਹੀ ਸਰਕਾਰ ਹੈ ਜਿਸ ਵਿੱਚ ਅਸਲੀ ਕਾਰਜਪਾਲਿਕਾ ਆਪਣੇ ਕਾਰਜਾਂ ਲਈ ਕਾਨੂੰਨੀ ਤੌਰ ਤੇ ਵਿਧਾਨ ਮੰਡਲ ਪ੍ਰਤੀ ਜ਼ਿੰਮੇਵਾਰ ਹੁੰਦੀ ਹੈ।" ਇਹ ਕਥਨ ਕਿਸ ਦਾ ਹੈ ?**

a. ਗੈਟਲ  b. ਡਾਇਸੀ
c. ਡਾ: ਗਾਰਨਰ  d. ਡਾ: ਅਸੀਰਵਾਦਮ

**II. "ਮੰਤਰੀ ਮੰਡਲ ਸਰਕਾਰ ਉਹ ਸਰਕਾਰ ਹੈ ਜਿਹੜੀ ਕਾਰਜਸਾਧਕੀ ਅਤੇ ਵਿਧਾਨਕੀ ਸ਼ਕਤੀਆਂ ਦੇ ਸੁਮੇਲ ਤੇ ਆਧਾਰਿਤ ਹੁੰਦੀ ਹੈ ਅਤੇ ਨਾਲ ਹੀ ਉਹਨਾਂ ਦੋਵਾਂ ਵਿਚਕਾਰ ਇਕਸੁਰਤਾ ਵਾਲੇ ਸੰਬੰਧਾਂ ਦੇ ਬਣੇ ਰਹਿਣ ਤੇ ਆਧਾਰਿਤ ਹੁੰਦੀ ਹੈ।" ਇਹ ਕਥਨ ਕਿਸ ਦਾ ਹੈ ?**

a. ਡਾ: ਅਸੀਰਵਾਦਮ  b. ਡਾਇਸੀ
c. ਡਾ: ਅੰਬੇਦਕਰ  d. ਪੰ: ਜਵਾਹਰਲਾਲ ਨਹਿਰੂ

**III. ਹੇਠ ਲਿਖਿਆਂ ਵਿੱਚੋਂ ਕਿਹੜੀ ਸੰਸਦੀ ਸਰਕਾਰ ਦੀ ਵਿਸ਼ੇਸ਼ਤਾ ਨਹੀਂ ਹੈ ?**

a. ਨਾਮਾਤਰ ਅਤੇ ਵਾਸਤਵਿਕ ਕਾਰਜਪਾਲਿਕਾ ਵਿਚਕਾਰ ਭੇਦ
b. ਪ੍ਰਧਾਨ ਮੰਤਰੀ ਦੀ ਅਗਵਾਈ
c. ਮੰਤਰੀ ਪ੍ਰੀਸ਼ਦ ਤੇ ਵਿਧਾਨਪਾਲਿਕਾ ਦਾ ਕੰਟਰੋਲ
d. ਮੰਤਰੀ ਪ੍ਰੀਸ਼ਦ ਦਾ ਨਿਸ਼ਚਿਤ ਕਾਰਜਕਾਲ।

**IV. ਹੇਠ ਲਿਖਿਆਂ ਵਿੱਚੋਂ ਕਿਹੜੀ ਸੰਸਦੀ ਸਰਕਾਰ ਦੀ ਵਿਸ਼ੇਸ਼ਤਾ ਹੈ ?**

a. ਵਾਸਤਵਿਕ ਕਾਰਜਸਾਧਕ ਅਸਲੀ ਕਾਰਜ ਸਾਧਕ ਮੁੱਖੀ ਹੁੰਦਾ ਹੈ।
b. ਮੰਤਰੀ ਪ੍ਰੀਸ਼ਦ ਸਮੂਹਿਕ ਜ਼ਿੰਮੇਵਾਰੀ ਦੇ ਸਿਧਾਂਤ ਤੇ ਕੰਮ ਕਰਦੀ ਹੈ।
c. ਕਾਰਜਪਾਲਕੀ ਅਤੇ ਵਿਧਾਨਕੀ ਸ਼ਕਤੀਆਂ ਵਿਚਕਾਰ ਕੋਈ ਸੰਬੰਧ ਨਹੀਂ।
d. ਵਿਧਾਨਪਾਲਿਕਾ ਦਾ ਕਾਰਜਕਾਲ ਨਿਸ਼ਚਿਤ ਹੁੰਦਾ ਹੈ।

**V. ਭਾਰਤ ਵਿੱਚ ਸੰਸਦੀ ਸਰਕਾਰ ਲਈ ਕਿਹੜਾ ਖਤਰਾ ਹੈ ?**

a. ਰਾਜਨੀਤਿਕ ਦਲ ਬਦਲੀ  b. ਸਵੱਸਥ ਲੋਕ ਮੱਤ
c. ਸਮੂਹਿਕ ਜ਼ਿੰਮੇਵਾਰੀ  d. ਸੰਸਦ ਦੀ ਸਰਵਉੱਚਤਾ

**Ans.** I. a, II. b, III. d, IV. b, V. a.

◆◆◆◆◆

# 10. ਭਾਰਤੀ ਲੋਕਤੰਤਰ ਦੀਆਂ ਸਮੱਸਿਆਵਾਂ ਅਤੇ ਚੁਨੌਤੀਆਂ

## (PROBLEMS AND CHALLENGES OF INDIAN DEMOCRACY )

## MULTIPLE CHOICE TYPE QUESTIONS

**I. "ਲੋਕਤੰਤਰ ਲੋਕਾਂ ਦੀ, ਲੋਕਾਂ ਲਈ ਅਤੇ ਲੋਕਾਂ ਦੁਆਰਾ ਸਰਕਾਰ ਹੈ।" ਇਹ ਕਥਨ ਕਿਸਦਾ ਹੈ ?**

a. ਲਾਸਕੀ  b. ਜੇ. ਐਸ. ਮਿੱਲ
c. ਅਬਰਾਹਮ ਲਿੰਕਨ  d. ਡਾ: ਗਾਰਨਰ

**II. ਭਾਰਤ ਵਿੱਚ ਮੱਤ ਅਧਿਕਾਰ ਲਈ ਘੱਟ ਤੋਂ ਘੱਟ ਉਮਰ ਨਿਸ਼ਚਿਤ ਹੈ:**

a. 18 ਸਾਲ  b. 19 ਸਾਲ
c. 21 ਸਾਲ  d. 25 ਸਾਲ

**III. ਭਾਰਤ ਵਿੱਚ ਚੋਣ ਲੜਨ ਲਈ ਘੱਟ ਤੋਂ ਘੱਟ ਉਮਰ ਨਿਸ਼ਚਿਤ ਹੈ:**

a. 21 ਸਾਲ  b. 25 ਸਾਲ

c. 30 ਸਾਲ                d. 35 ਸਾਲ

**IV. ਭਾਰਤ ਦੇ ਸੰਵਿਧਾਨ ਵਿੱਚ ਮੌਲਿਕ ਅਧਿਕਾਰ ਸ਼ਾਮਲ ਹਨ:**

a. ਤੀਜੇ ਅਧਿਆਏ ਵਿੱਚ
b. ਚੌਥੇ ਅਧਿਆਏ ਵਿੱਚ
c. ਪੰਜਵੇਂ ਅਧਿਆਏ ਵਿੱਚ
d. ਸੱਤਵੇਂ ਅਧਿਆਏ ਵਿੱਚ

**V. ਭਾਰਤ ਦੇ ਸੰਵਿਧਾਨ ਵਿੱਚ ਰਾਜਨੀਤੀ ਦੇ ਨਿਰਦੇਸ਼ਕ ਸਿਧਾਂਤ ਸ਼ਾਮਲ ਹਨ:**

a. ਤੀਜੇ ਅਧਿਆਏ ਵਿੱਚ
b. ਪੰਜਵੇਂ ਅਧਿਆਏ ਵਿੱਚ
c. ਚੌਥੇ ਅਧਿਆਏ ਵਿੱਚ
d. ਦੂਜੇ ਅਧਿਆਏ ਵਿੱਚ

**VI. ਹੇਠ ਲਿਖਿਆਂ ਵਿੱਚੋਂ ਕਿਹੜੀ ਭਾਰਤੀ ਸ਼ਾਸਨ ਦੀ ਲੋਕਤੰਤਰੀ ਵਿਸ਼ੇਸ਼ਤਾ ਨਹੀਂ ਹੈ ?**

a. ਸਰਵਜਨਕ ਬਾਲਗ ਮੱਤ ਅਧਿਕਾਰ
b. ਕੇਂਦਰ ਅਤੇ ਰਾਜਾਂ ਵਿੱਚ ਜ਼ਿੰਮੇਵਾਰ ਸਰਕਾਰ
c. ਕਾਨੂੰਨ ਦਾ ਸ਼ਾਸਨ
d. ਸੀਮਿਤ ਮੱਤ ਅਧਿਕਾਰ

**VII. ਹੇਠ ਲਿਖਿਆਂ ਵਿੱਚੋਂ ਕਿਹੜੀ ਭਾਰਤੀ ਸ਼ਾਸਨ ਦੀ ਲੋਕਤੰਤਰੀ ਵਿਸ਼ੇਸ਼ਤਾ ਹੈ—**

a. ਹੇਠਲੀ ਪੱਧਰ ਤੇ ਲੋਕਤੰਤਰ ਦੀ ਅਣਹੋਂਦ
b. ਵਿਰੋਧ ਦਾ ਸਤਿਕਾਰ
c. ਵਚਨਬੱਧ ਨਿਆਂਪਾਲਿਕਾ
d. ਸੁਤੰਤਰ ਛਾਪੇਖਾਨੇ ਦੀ ਅਣਹੋਂਦ

**VIII. ਹੇਠ ਲਿਖਿਆਂ ਵਿੱਚੋਂ ਕਿਹੜਾ ਤੱਤ ਲੋਕਤੰਤਰ ਦੀ ਕਾਰਜਸ਼ੀਲਤਾ ਨੂੰ ਪ੍ਰਭਾਵਿਤ ਨਹੀਂ ਕਰਦਾ ?**

a. ਗਰੀਬੀ
b. ਬੇਰੁਜ਼ਗਾਰੀ
c. ਅਨਪੜ੍ਹਤਾ
d. ਬਹੁਵਾਦੀ ਸਮਾਜ

**IX. ਭਾਰਤ ਵਿੱਚ ਅੱਜ ਤੱਕ ਕਿੰਨੀਆਂ ਆਮ ਚੋਣਾਂ ਹੋ ਚੁਕੀਆਂ ਹਨ ?**

a. 13
b. 12
c. 14
d. 17

**X. ''ਭਾਰਤ ਵਿੱਚ ਜਾਤੀ ਪ੍ਰਣਾਲੀ ਕੇਵਲ ਕਿਰਤ ਦੀ ਵੰਡ ਹੀ ਨਹੀਂ ਹੈ, ਸਗੋਂ ਇਹ ਕਿਰਤੀਆਂ ਦੀ ਵੰਡ ਹੈ।'' ਇਹ ਕਥਨ ਕਿਸ ਦਾ ਹੈ ?**

a. ਡਾ: ਬੀ. ਆਰ. ਅੰਬੇਦਕਰ
b. ਡਾ: ਰਾਜਿੰਦਰ ਪ੍ਰਸਾਦ
c. ਸਰਦਾਰ ਪਟੇਲ
d. ਪੰ: ਜਵਾਹਰਲਾਲ ਨਹਿਰੂ

**XI. ''ਜਾਤੀ ਭਾਰਤ ਵਿੱਚ ਸਭ ਤੋਂ ਵੱਡਾ ਰਾਜਨੀਤਿਕ ਦਲ ਹੈ।'' ਇਹ ਕਥਨ ਕਿਸਦਾ ਹੈ ?**

a. ਰਾਮ ਮਨੋਹਰ ਲੋਹੀਆ
b. ਜੈ ਪ੍ਰਕਾਸ਼ ਨਰਾਇਣ
c. ਚੰਦਰ ਸ਼ੇਖਰ
d. ਵੀ.ਵੀ. ਗਿਰੀ

**XII. ''ਮਹੱਤਵਪੂਰਨ ਖੋਜ ਇਹ ਹੈ ਕਿ ਜਾਤੀ ਲਈ ਰਾਜਨੀਤੀ ਅਤੇ ਰਾਜਨੀਤੀ ਲਈ ਜਾਤੀ ਅੱਜ ਪਹਿਲਾਂ ਨਾਲੋਂ ਕਿਤੇ ਵੱਧ ਮਹੱਤਵਪੂਰਨ ਹੈ।'' ਇਹ ਕਥਨ ਕਿਸ ਦਾ ਹੈ ?**

a. ਐਂਡਰਸਨ ਅਤੇ ਪਾਰਕਰ
b. ਡੇਵਿਡ ਈਸਟਨ
c. ਮੌਰਿਸ ਜੋਨਜ਼
d. ਆਲਮੰਡ ਅਤੇ ਪਾਵਲ

**XIII. ''ਸੰਪ੍ਰਦਾਇਕਤਾ ਨੂੰ ਆਮ ਤੌਰ 'ਤੇ ਕਿਸੇ ਧਾਰਮਿਕ ਸਮੂਹ ਦੇ ਸੌੜੇ, ਸੁਆਰਥੀ, ਵੰਡਾਤਮਕ ਅਤੇ ਆਕਰਮਣਸ਼ੀਲ ਦ੍ਰਿਸ਼ਟੀਕੋਣ ਨਾਲ ਜੋੜਿਆ ਜਾਂਦਾ ਹੈ।'' ਇਹ ਕਥਨ ਕਿਸ ਦਾ ਹੈ ?**

a. ਮੌਰਿਸ ਜੋਨਜ਼
b. ਡੀ. ਸੀ. ਗੁਪਤਾ
c. ਡਾ: ਫਾਡਿਆ
d. ਡਾ: ਡੀ.ਈ. ਸਮਿੱਥ

**XIV. ਸੰਵਿਧਾਨ ਦੀ ਕਿਸ ਧਾਰਾ ਅਧੀਨ ਵਿਦਿਆ ਦੇ ਅਧਿਕਾਰ ਨੂੰ ਮੌਲਿਕ ਅਧਿਕਾਰਾਂ ਦੀ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਹੈ ?**

a. ਧਾਰਾ–21
b. ਧਾਰਾ–21 A
c. ਧਾਰਾ–23
d. ਧਾਰਾ–23 A

XV. ''ਜਾਤੀ ਸਮਾਜਿਕ ਵਰਗ ਸੰਗਠਨ ਦਾ ਉਹ ਕਠੋਰ ਰੂਪ ਹੈ ਜਿਥੇ ਰੁਤਬਿਆਂ ਦੀ ਤਰਤੀਬ ਵਿੱਚ ਵਿਅਕਤੀਆਂ ਦੀ ਸਥਿੱਤੀ ਵੰਸ਼ ਅਤੇ ਜਨਮ ਦੁਆਰਾ ਨਿਸ਼ਚਿਤ ਕੀਤੀ ਜਾਂਦੀ ਹੈ।'' ਇਹ ਕਥਨ ਕਿਸ ਦਾ ਹੈ ?

a. ਐਂਡਰਸਨ ਅਤੇ ਪਾਰਕਰ b. ਮੌਰਿਸ ਜੋਨਜ਼

c. ਡੀ. ਈ. ਸਮਿੱਥ d. ਡੀ. ਡੀ. ਬਾਸੂ

**Ans.** I. c, II. a, III. b, IV. a, V. c, VI. d, VII. b, VIII. d, IX. d, X. a, XI. b, XII. c, XIII. d, XIV. b, XV. a.

◆◆◆◆◆

# 11. ਹੇਠਲੀ ਪੱਧਰ 'ਤੇ ਲੋਕਤੰਤਰ—ਪੰਚਾਇਤੀ ਰਾਜ

## (DEMOCRACY AT GRASS-ROOT LEVE L—PANCHAYATI RAJ)

## MULTIPLE CHOICE TYPE QUESTIONS

I. ''ਅਸਲੀ ਲੋਕਤੰਤਰੀ ਪ੍ਰਣਾਲੀ ਦਾ ਆਧਾਰ ਸਥਾਨਕ ਸਵੈ-ਸਰਕਾਰਾਂ ਹੋਣੀਆਂ ਚਾਹੀਦੀਆਂ ਹਨ। ਅਸੀਂ ਆਮ ਤੌਰ ਤੇ ਉਪਰਲੀ ਪੱਧਰ ਤੇ ਲੋਕਤੰਤਰ ਸੰਬੰਧੀ ਸੋਚਣ ਦੇ ਆਦੀ ਹੋ ਚੁਕੇ ਹਾਂ। ਪਰੰਤੂ ਜਿੰਨਾ ਚਿਰ ਅਸੀਂ ਹੇਠਲੀ ਬੁਨਿਆਦ ਨੂੰ ਮਜ਼ਬੂਤ ਨਹੀਂ ਕਰਦੇ, ਉਪਰਲੀ ਪੱਧਰ ਤੇ ਲੋਕਤੰਤਰ ਸਫਲ ਨਹੀਂ ਹੋ ਸਕੇਗਾ।'' ਇਹ ਕਥਨ ਕਿਸ ਦਾ ਹੈ ?

a. ਡਾ: ਬੀ. ਆਰ. ਅੰਬੇਦਕਰ b. ਪੰ: ਜਵਾਹਰਲਾਲ ਨਹਿਰੂ

c. ਸ੍ਰੀ ਰਾਜੀਵ ਗਾਂਧੀ d. ਸ੍ਰੀ ਪੀ. ਵੀ. ਨਰਸਿਮ੍ਹਾ ਰਾਉ

II. ਸੰਵਿਧਾਨ ਦੀ ਕਿਹੜੀ ਸੋਧ ਅਧੀਨ ਪੰਚਾਇਤੀ ਰਾਜ ਸੰਸਥਾਵਾਂ ਨੂੰ ਸੰਵਿਧਾਨਿਕ ਦਰਜਾ ਪ੍ਰਦਾਨ ਕੀਤਾ ਗਿਆ ਹੈ ?

a. 52ਵੀਂ ਸੋਧ b. 53ਵੀਂ ਸੋਧ

c. 73ਵੀਂ ਸੋਧ d. 74ਵੀਂ ਸੋਧ

III. ਪੰਚਾਇਤੀ ਰਾਜ ਸੰਸਥਾਵਾਂ ਦੇ ਕਾਰਜ ਕਿਸ ਅਨਸੂਚੀ ਵਿੱਚ ਸ਼ਾਮਲ ਕੀਤੇ ਗਏ ਹਨ ?

a. 10ਵੀਂ ਅਨਸੂਚੀ b. 11ਵੀਂ ਅਨਸੂਚੀ

c. 12ਵੀਂ ਅਨਸੂਚੀ d. 9ਵੀਂ ਅਨਸੂਚੀ

IV. ਗਰਾਮ ਪੰਚਾਇਤ ਵਿੱਚ ਇਸਤਰੀਆਂ ਲਈ ਕਿੰਨੀਆਂ ਸੀਟਾਂ ਰਾਖਵੀਆਂ ਰੱਖੇ ਜਾਣ ਦੀ ਵਿਵਸਥਾ ਕੀਤੀ ਗਈ ਹੈ ?

a. 1/3 b. 1/4

c. 1/5 d. 1/2

V. ਗਰਾਮ ਪੰਚਾਇਤ ਦਾ ਕਾਰਜਕਾਲ ਹੈ:

a. 3 ਸਾਲ b. 4 ਸਾਲ

c. 5 ਸਾਲ d. 6 ਸਾਲ

VI. ਪੰਚਾਇਤ ਸੰਮਤੀ ਦਾ ਕਾਰਜਸਾਧਕ ਅਧਿਕਾਰੀ ਹੈ:

a. ਪੰਚਾਇਤ ਸੰਮਤੀ ਦਾ ਪ੍ਰਧਾਨ b. ਬਲਾਕ ਵਿਕਾਸ ਅਤੇ ਪੰਚਾਇਤ ਅਧਿਕਾਰੀ

c. ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਧਿਕਾਰੀ d. ਅਡੀਸ਼ਨਲ ਡਿਪਟੀ ਕਮਿਸ਼ਨਰ (ਵਿਕਾਸ)

VII. ਪੰਚਾਇਤ ਸੰਮਤੀ ਦਾ ਕਾਰਜਕਾਲ ਹੈ:

a. 3 ਸਾਲ b. 4 ਸਾਲ

c. 5 ਸਾਲ d. ਨਿਸ਼ਚਿਤ ਨਹੀਂ

VIII. ਜ਼ਿਲ੍ਹਾ ਪ੍ਰੀਸ਼ਦ ਦਾ ਕਾਰਜਸਾਧਕ ਅਧਿਕਾਰੀ ਕੌਣ ਹੈ ?

a. ਅਡੀਸ਼ਨਲ ਡਿਪਟੀ ਕਮਿਸ਼ਨਰ (ਵਿਕਾਸ) b. ਡਿਪਟੀ ਕਮਿਸ਼ਨਰ

c. ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਧਿਕਾਰੀ d. ਜ਼ਿਲਾ ਪ੍ਰੀਸ਼ਦ ਦਾ ਪ੍ਰਧਾਨ

IX. ਹੇਠ ਲਿਖਿਆਂ ਵਿੱਚੋਂ ਕਿਹੜੀ ਪੰਚਾਇਤੀ ਰਾਜ ਪ੍ਰਣਾਲੀ ਦੀ ਕਮਜ਼ੋਰੀ ਨਹੀਂ ਹੈ ?

a. ਸੀਮਿਤ ਵਿੱਤੀ ਸਾਧਨ b. ਪਿੰਡਾਂ ਵਿੱਚ ਧੜੇਬੰਦੀ

c. ਵਧੇਰੇ ਸਰਕਾਰੀ ਕੰਟਰੋਲ d. ਨਿਯਮਤ ਚੋਣਾਂ

X. ਪੰਚਾਇਤੀ ਰਾਜ ਪ੍ਰਣਾਲੀ ਦੇ ਦੋਸ਼ ਹਨ:

a. ਅਨਪੜ੍ਹਤਾ ਅਤੇ ਅਗਿਆਨਤਾ    b. ਧੜੇਬੰਦੀ

c. ਸੀਮਿਤ ਵਿੱਤੀ ਸਾਧਨ    d. ਇਹ ਸਾਰੇ ਹੀ

**Ans.** I. b, II. c, III. b,IV. d,V. c, VI. b, VII.c, VIII. a, IX. d, X. d

◆◆◆◆◆

# 12. ਸ਼ਹਿਰੀ ਖੇਤਰ ਵਿੱਚ ਸਥਾਨਕ ਸਰਕਾਰਾਂ

***(LOCAL BODIES IN URBAN AREA)***

## MULTIPLE CHOICE TYPE QUESTIONS

**I. ਹੇਠ ਲਿਖਿਆਂ ਵਿੱਚੋਂ ਕਿਹੜੀ ਸੰਵਿਧਾਨਿਕ ਸੋਧ ਰਾਹੀਂ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਸੰਵਿਧਾਨਿਕ ਦਰਜਾ ਪ੍ਰਦਾਨ ਕੀਤਾ ਗਿਆ ਹੈ ?**

a. 73ਵੀਂ ਸੰਵਿਧਾਨਿਕ ਸੋਧ    b. 74ਵੀਂ ਸੰਵਿਧਾਨਿਕ ਸੋਧ

c. 75ਵੀਂ ਸੰਵਿਧਾਨਿਕ ਸੋਧ    d. 76ਵੀਂ ਸੰਵਿਧਾਨਿਕ ਸੋਧ

**II. ਹੇਠ ਲਿਖਿਆਂ ਵਿੱਚੋਂ ਕਿਹੜੀ ਸ਼ਹਿਰੀ ਸਥਾਨਕ ਸੰਸਥਾ ਨਹੀਂ ਹੈ ?**

a. ਨਗਰ ਪੰਚਾਇਤ    b. ਗਰਾਮ ਪੰਚਾਇਤ

c. ਨਗਰ ਪ੍ਰੀਸ਼ਦ    d. ਨਗਰ ਨਿਗਮ

**III. ਸ਼ਹਿਰੀ ਸਥਾਨਕ ਸੰਸਥਾਵਾਂ ਦੇ ਕਾਰਜਾਂ ਦਾ ਵਰਣਨ ਹੈ ?**

a. 9ਵੀਂ ਅਨਸੂਚੀ    b. 10ਵੀਂ ਅਨਸੂਚੀ

c. 11ਵੀਂ ਅਨਸੂਚੀ    d. 12ਵੀਂ ਅਨਸੂਚੀ

**IV. ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਸੌਂਪੇ ਗਏ ਕਾਰਜਾਂ ਦੀ ਗਿਣਤੀ ਹੈ ?**

a. 18 ਵਿਸ਼ੇ    b. 19 ਵਿਸ਼ੇ

c. 21 ਵਿਸ਼ੇ    d. 22 ਵਿਸ਼ੇ

**V. ਸ਼ਹਿਰੀ ਸਥਾਨਕ ਸੰਸਥਾਵਾਂ ਵਿਚ ਇਸਤਰੀਆਂ ਲਈ ਕਿੰਨੀਆਂ ਸੀਟਾਂ ਰਾਖਵੀਆਂ ਰੱਖੇ ਜਾਣ ਦੀ ਵਿਵਸਥਾ ਕੀਤੀ ਗਈ ਹੈ ?**

a. 1/4    b. 1/2

c. 1/5    d. 3/4

**VI. ਨਗਰ ਪ੍ਰੀਸ਼ਦ ਦਾ ਕਾਰਜਕਾਲ ਹੈ ?**

a. 3 ਸਾਲ    b. 4 ਸਾਲ

c. 5 ਸਾਲ    d. ਨਿਸ਼ਚਿਤ ਨਹੀਂ

**VII. ਹੇਠ ਲਿਖਿਆਂ ਵਿੱਚੋਂ ਕਿਹੜਾ ਕਾਰਜ ਸ਼ਹਿਰੀ ਸਥਾਨਕ ਸੰਸਥਾਵਾਂ ਨਹੀਂ ਕਰਦੀਆਂ ?**

a. ਭੂਮੀ ਦੇ ਪ੍ਰਯੋਗ ਲਈ ਨਿਯਮ ਬਣਾਉਣੇ    b. ਜਨਮ ਅਤੇ ਮੌਤ ਦਾ ਪੰਜੀਕਰਨ

c. ਗੰਦੀਆਂ ਬਸਤੀਆਂ ਦਾ ਸੁਧਾਰ    d. ਦੇਸ਼ ਦੀ ਅੰਦਰੂਨੀ ਅਤੇ ਬਾਹਰੀ ਖਤਰਿਆਂ ਤੋਂ ਰਾਖੀ

**VIII. ਹੇਠ ਲਿਖਿਆਂ ਵਿੱਚੋਂ ਕਿਹੜੇ ਸ਼ਹਿਰ ਵਿੱਚ ਨਗਰ ਨਿਗਮ ਕਾਇਮ ਨਹੀਂ ਹੈ ?**

a. ਜਲੰਧਰ    b. ਲੁਧਿਆਣਾ

c. ਬਠਿੰਡਾ    d. ਰੋਪੜ

**IX. ਹੇਠ ਲਿਖਿਆਂ ਵਿੱਚੋਂ ਕਿਹੜੇ ਸ਼ਹਿਰ ਵਿੱਚ ਨਗਰ ਨਿਗਮ ਕਾਇਮ ਹੈ ?**

a. ਫਰੀਦਕੋਟ    b. ਰਾਜਪੁਰਾ

c. ਫਿਰੋਜ਼ਪੁਰ    d. ਅੰਮ੍ਰਿਤਸਰ

**X. ਸ਼ਹਿਰੀ ਸਥਾਨਕ ਸਵੈਸ਼ਾਸਨੀ ਸੰਸਥਾਵਾਂ ਦੀ ਨਵੀਂ ਪ੍ਰਣਾਲੀ ਲਾਗੂ ਕੀਤੀ ਗਈ ਸੀ—**

a. 71ਵੀਂ ਸੰਵਿਧਾਨਿਕ ਸੋਧ ਦੁਆਰਾ | b. 73ਵੀਂ ਸੰਵਿਧਾਨਿਕ ਸੋਧ ਦੁਆਰਾ
c. 61ਵੀਂ ਸੰਵਿਧਾਨਿਕ ਸੋਧ ਦੁਆਰਾ | d. 74ਵੀਂ ਸੰਵਿਧਾਨਿਕ ਸੋਧ ਦੁਆਰਾ

**Ans.** I. b, II. b, III. d, IV. a, V. b, VI. c, VII. d, VIII. d, IX. d, X. d

◆◆◆◆◆

# 16. ਰਾਸ਼ਟਰੀ ਏਕੀਕਰਨ

## (NATIONAL INTEGRATION)

## MULTIPLE CHOICE QUESTIONS

**I.** **"ਰਾਸ਼ਟਰੀ ਏਕੀਕਰਨ ਕੋਈ ਅਜਿਹਾ ਘਰ ਨਹੀਂ ਜਿਹੜਾ ਮਸਾਲੇ ਜਾਂ ਇੱਟਾਂ ਨਾਲ ਬਣਾਇਆ ਜਾ ਸਕੇ। ਨਾ ਹੀ ਇਹ ਕੋਈ ਉਦਯੋਗਿਕ ਯੋਜਨਾ ਹੈ ਜਿਸ ਤੇ ਮਾਹਿਰਾਂ ਦੁਆਰਾ ਵਿਚਾਰ ਕੀਤਾ ਜਾ ਸਕਦਾ ਹੈ ਅਤੇ ਅਮਲੀ ਰੂਪ ਦਿੱਤਾ ਜਾ ਸਕਦਾ ਹੈ। ਇਸਦੇ ਉਲਟ ਏਕੀਕਰਨ ਇਕ ਅਜਿਹਾ ਵਿਚਾਰ ਹੈ ਜਿਸਦਾ ਲੋਕਾਂ ਦੇ ਦਿਲਾਂ ਵਿੱਚ ਜਾਗਣਾ ਜ਼ਰੂਰੀ ਹੈ। ਇਹ ਇੱਕ ਚੇਤਨਾ ਹੈ ਜਿਸ ਨੇ ਜਨ ਸਾਧਾਰਨ ਨੂੰ ਜਾਗ੍ਰਿਤ ਕਰਨਾ ਹੈ।" ਇਹ ਕਥਨ ਕਿਸ ਦਾ ਹੈ ?**

a. ਪੰ: ਜਵਾਹਰਲਾਲ ਨਹਿਰੂ | b. ਸਰਦਾਰ ਪਟੇਲ
c. ਡਾ: ਐਸ ਰਾਧਾਕ੍ਰਿਸ਼ਨਨ | d. ਡਾ: ਬੀ. ਆਰ. ਅੰਬੇਦਕਰ

**II.** **"ਰਾਸ਼ਟਰੀ ਏਕੀਕਰਨ ਦਾ ਭਾਵ ਉਹਨਾਂ ਵੰਡਾਤਮਕ ਸ਼ਕਤੀਆਂ ਤੇ ਨਿਗਰਾਨੀ ਰੱਖਣਾ ਹੈ ਜਿਹੜੀਆਂ ਰਾਸ਼ਟਰ ਨੂੰ ਖੰਡਿਤ ਕਰ ਸਕਦੀਆਂ ਹੋਣ ਅਤੇ ਸਾਰੇ ਸਮਾਜ ਵਿੱਚ ਅਜਿਹੀਆਂ ਮਨੋਵਿਰਤੀਆਂ ਦਾ ਹਾਜ਼ਰ ਹੋਣਾ ਹੈ ਜਿਹੜੀਆਂ ਸੰਕੀਰਣ ਹਿੱਤਾਂ ਦੀ ਬਜਾਏ ਰਾਸ਼ਟਰੀ ਅਤੇ ਸਰਵਜਨਕ ਹਿੱਤਾਂ ਨੂੰ ਪਹਿਲ ਦਿੰਦੀਆਂ ਹਨ।" ਇਹ ਕਥਨ ਕਿਸ ਦਾ ਹੈ ?**

a. ਪ੍ਰੋ: ਮਾਈਰਨ ਵੀਨਰ | b. ਡਾ: ਡੀ. ਸੀ. ਗੁਪਤਾ
c. ਡਾ: ਡੀ. ਡੀ. ਬਾਸੂ | d. ਲਾਰਡ ਬ੍ਰਾਈਸ

**III.** **ਹੇਠ ਲਿਖਿਆਂ ਵਿੱਚੋਂ ਕਿਹੜਾ ਰਾਸ਼ਟਰੀ ਏਕੀਕਰਨ ਦਾ ਪੱਖ ਹੈ ?**

a. ਰਾਜਨੀਤਿਕ ਪੱਖ | b. ਸਮਾਜਿਕ ਪੱਖ
c. ਆਰਥਿਕ ਪੱਖ | d. ਇਹ ਸਾਰੇ ਹੀ

**IV.** **ਹੇਠ ਲਿਖਿਆਂ ਵਿੱਚੋਂ ਕਿਹੜੀ ਭਾਰਤ ਵਿੱਚ ਰਾਸ਼ਟਰੀ ਏਕੀਕਰਨ ਦੀ ਸਮੱਸਿਆ ਨਹੀਂ ਹੈ ?**

a. ਖੇਤਰਵਾਦ | b. ਉਪਯੋਗਤਾਵਾਦ
c. ਜਾਤੀਵਾਦ | d. ਭਾਸ਼ਾਵਾਦ

**V.** **ਹੇਠ ਲਿਖਿਆਂ ਵਿੱਚੋਂ ਕਿਹੜੀ ਭਾਰਤ ਵਿੱਚ ਰਾਸ਼ਟਰੀ ਏਕੀਕਰਨ ਦੀ ਸਮੱਸਿਆ ਨਹੀਂ ਹੈ ?**

a. ਬਹੁਦਲ ਪ੍ਰਣਾਲੀ | b. ਗਰੀਬੀ
c. ਰਾਸ਼ਟਰੀ ਆਚਰਨ ਦੀ ਘਾਟ | d. ਭ੍ਰਿਸ਼ਟਾਚਾਰ

**VI.** **ਭਾਰਤ ਵਿੱਚ ਪਹਿਲਾ ਰਾਸ਼ਟਰੀ ਏਕੀਕਰਨ ਸੰਮੇਲਨ ਕਦੋਂ ਹੋਇਆ ਸੀ ?**

a. 1948 | b. 1950
c. 1961 | d. 1962

**VII.** **ਭਾਰਤ ਵਿੱਚ ਰਾਸ਼ਟਰੀ ਏਕੀਕਰਨ ਪ੍ਰੀਸ਼ਦ ਦਾ ਨਿਰਮਾਣ ਕਦੋਂ ਕੀਤਾ ਗਿਆ ਸੀ ?**

a. 1957 | b. 1961
c. 1965 | d. 1970

**VIII.** **ਭਾਰਤ ਵਿੱਚ ਕਥਿਤ ਬਾਬਰੀ ਮਸਜਿਦ ਢਾਂਚਾ ਕਦੋਂ ਗਿਰਾਇਆ ਗਿਆ ਸੀ ?**

a. 1992 | b. 1985
c. 1990 | d. 1984

IX. ਇਨਸਾਨੀ ਬਿਰਾਦਰੀ ਨਾਂ ਦੇ ਸੰਗਠਨ ਦਾ ਨਿਰਮਾਣ ਕਦੋਂ ਕੀਤਾ ਗਿਆ ਸੀ ?

a. 1962 b. 1965

c. 1970 d. 1971

X. ਸਰਵ ਭਾਰਤੀ ਸੰਪ੍ਰਦਾਇਕਤਾ ਵਿਰੋਧੀ ਕਮੇਟੀ ਦਾ ਗਠਨ ਕਿਸ ਦੁਆਰਾ ਕੀਤਾ ਗਿਆ ਸੀ ?

a. ਮਹਾਤਮਾ ਗਾਂਧੀ b. ਸ੍ਰੀਮਤੀ ਸੁਭੱਦਰਾ ਜੋਸ਼ੀ

c. ਖਾਨ ਅਬਦੁਲ ਗੁਫਾਰ ਖਾਂ d. ਸ੍ਰੀਮਤੀ ਸਿਰੋਜਨੀ ਨਾਇਡੂ

**Ans.** I. c, II.a, III. d, IV. b, V. a, VI. c, VII. b, VIII. a, IX. c, X.b

◆◆◆◆◆

# 17. ਭਾਰਤ ਦੀ ਵਿਦੇਸ਼ ਨੀਤੀ—ਮੁੱਢਲੇ ਸਿਧਾਂਤ

## (FOREIGN POLICY OF INDIA—BASIC PRINCIPLES)

## MULTIPLE CHOICE QUESTIONS

I. "ਵਿਦੇਸ਼ ਨੀਤੀ ਅੱਜ ਅਜਿਹੇ ਸਿਧਾਂਤਾਂ ਅਤੇ ਵਿਵਹਾਰਾਂ ਦਾ ਸਮੂਹ ਹੈ ਜਿਹਨਾਂ ਦੁਆਰਾ ਇਕ ਰਾਜ ਦੇ ਦੂਜੇ ਰਾਜਾਂ ਨਾਲ ਸੰਬੰਧਾਂ ਨੂੰ ਨਿਯਮਤ ਕੀਤਾ ਜਾਂਦਾ ਹੈ।" ਇਹ ਕਥਨ ਕਿਸ ਦਾ ਹੈ ?

a. ਰੁਥਨਾ ਸਵਾਮੀ b. ਐਨ. ਐਸ. ਹਿੱਲ

c. ਡਾ: ਜੌਹਨਸਨ d. ਡਾ: ਬੀ. ਆਰ. ਅੰਬੇਦਕਰ

II. "ਵਿਦੇਸ਼ ਨੀਤੀ ਸੋਚ-ਸਮਝ ਕੇ ਚੁਣੇ ਗਏ ਰਾਸ਼ਟਰੀ ਹਿੱਤਾਂ ਦਾ ਲੜੀਵਾਰ ਵੇਰਵਾ ਹੈ।" ਇਹ ਕਥਨ ਕਿਸ ਦਾ ਹੈ ?

a. ਐਨ. ਐਸ. ਹਿੱਲ b. ਜਾਰਜ ਮਡਲਾਸਕੀ

c. ਹਾਰਟਮੈਨ d. ਰੁਥਨਾ ਸੁਆਮੀ

III. "ਵਿਦੇਸ਼ ਨੀਤੀ ਸਮਾਜਾਂ ਦੁਆਰਾ ਵਿਕਸਤ ਉਹਨਾਂ ਗਤੀਵਿਧੀਆਂ ਦੀ ਵਿਵਸਥਾ ਹੈ ਜਿਹਨਾਂ ਰਾਹੀਂ ਉਹ ਦੂਜੇ ਰਾਜਾਂ ਦੇ ਵਿਵਹਾਰ ਨੂੰ ਬਦਲਣ ਅਤੇ ਆਪਣੀਆਂ ਗਤੀਵਿਧੀਆਂ ਨੂੰ ਅੰਤਰਰਾਸ਼ਟਰੀ ਵਾਤਾਵਰਨ ਦੇ ਅਨੁਕੂਲ ਬਣਾਉਣ ਦਾ ਯਤਨ ਕਰਦੇ ਹਨ।" ਇਹ ਕਥਨ ਕਿਸ ਦਾ ਹੈ ?

a. ਪੰ: ਜਵਾਹਰਲਾਲ ਨਹਿਰੂ b. ਡਾ: ਐਸ. ਪੀ. ਵਰਮਾ

c. ਹਾਂਸ ਜੇ ਮਾਰਗੈਂਥੋ d. ਜਾਰਜ ਮਡਲਾਸਕੀ

IV. "ਵਿਦੇਸ਼ ਨੀਤੀ ਸ਼ਾਸਨ ਦੀ ਅਜਿਹੀ ਕਲਾ ਹੈ ਜੋ ਮੁੱਖ ਰੂਪ ਵਿੱਚ ਵਿਦੇਸ਼ ਸ਼ਕਤੀਆਂ ਨਾਲ ਸੰਬੰਧ ਰੱਖਦੀ ਹੈ।" ਇਹ ਕਥਨ ਕਿਸ ਦਾ ਹੈ ?

a. ਜਾਰਜ ਮਡਲਾਸਕੀ b. ਡਾ: ਜੌਹਨਸਨ

c. ਪੰ: ਜਵਾਹਰਲਾਲ ਨਹਿਰੂ d. ਸ੍ਰੀਮਤੀ ਇੰਦਰਾ ਗਾਂਧੀ

V. "ਵਿਦੇਸ਼ ਨੀਤੀ ਦਾ ਉਦੇਸ਼ ਰਾਸ਼ਟਰੀ ਹਿੱਤਾਂ ਦੀ ਪੈਰਵੀ ਕਰਨਾ ਹੁੰਦਾ ਹੈ।" ਇਹ ਕਥਨ ਕਿਸ ਦਾ ਹੈ ?

a. ਰੁਥਨਾ ਸੁਵਾਮੀ b. ਐਨ. ਐਸ. ਹਿੱਲ

c. ਪੰ: ਜਵਾਹਰਲਾਲ ਨਹਿਰੂ d. ਬਰਾਕ ਓਬਾਮਾ

VI. ਭਾਰਤ ਦੀ ਵਿਦੇਸ਼ ਨੀਤੀ ਨਾਲ ਸੰਬੰਧਿਤ ਸਿਧਾਂਤਾਂ ਦਾ ਵਰਣਨ ਸੰਵਿਧਾਨ ਦੇ ਕਿਹੜੇ ਅਧਿਆਏ ਵਿੱਚ ਕੀਤਾ ਗਿਆ ਹੈ ?

a. ਚੌਥੇ ਅਧਿਆਏ b. ਪੰਜਵੇਂ ਅਧਿਆਏ

c. ਪਹਿਲੇ ਅਧਿਆਏ d. ਤੀਜੇ ਅਧਿਆਏ

VII. ਸੰਵਿਧਾਨ ਦੀ ਕਿਹੜੀ ਧਾਰਾ ਭਾਰਤ ਦੀ ਵਿਦੇਸ਼ ਨੀਤੀ ਦੇ ਸਿਧਾਂਤਾਂ ਨਾਲ ਸੰਬੰਧਿਤ ਹੈ ?

a. ਧਾਰਾ-19 b. ਧਾਰਾ-21

c. ਧਾਰਾ-51 d. ਧਾਰਾ-52

VIII. ਗੁੱਟ-ਨਿਰਲੇਪ ਦੇਸ਼ਾਂ ਦੀ ਪਹਿਲੀ ਮੀਟਿੰਗ ਕਦੋਂ ਹੋਈ ਸੀ ?

a. 1952 ਵਿੱਚ b. 1960 ਵਿੱਚ

c. 1961 ਵਿੱਚ d. 1962 ਵਿੱਚ

IX. **ਅੱਜ ਕਿੰਨੇ ਦੇਸ਼ ਗੁੱਟ-ਨਿਰਲੇਪ ਅੰਦੋਲਨ ਦੇ ਮੈਂਬਰ ਹਨ ?**

a. 115 b. 120

c. 125 d. 110

X. **ਪੰਚਸ਼ੀਲ ਕਿਹਨਾਂ ਦੋ ਦੇਸ਼ਾਂ ਵਿਚਕਾਰ ਸਮਝੌਤਾ ਹੈ ?**

a. ਭਾਰਤ-ਪਾਕਿਸਤਾਨ b. ਰੂਸ-ਚੀਨ

c. ਭਾਰਤ-ਚੀਨ d. ਅਮਰੀਕਾ-ਰੂਸ

**Ans.** I. a, II.c, III. d, IV. b, V. c, VI. a, VII. c, VIII. c, IX. b, X.c

# 20. ਭਾਰਤ ਦੇ ਆਪਣੇ ਗੁਆਂਢੀ ਦੇਸ਼ਾਂ ਨਾਲ ਸੰਬੰਧ

***(INDIA'S RELATIONS WITH HER NEIGHBOURS)***

## MULTIPLE CHOICE TYPE QUESTIONS

I. **ਨੇਪਾਲ ਵਿਚ ਰਾਜਸ਼ਾਹੀ ਦਾ ਅੰਤ ਕੀਤਾ ਗਿਆ ਸੀ—**

a. 2008 ਵਿਚ b. 2010 ਵਿਚ

c. 2011 ਵਿਚ d. 2012 ਵਿਚ

II. **ਹੇਠ ਲਿਖਿਆਂ ਵਿਚੋਂ ਕਿਹੜਾ ਤੱਥ ਭਾਰਤ-ਨੇਪਾਲ ਸਬੰਧਾਂ ਨੂੰ ਪ੍ਰਭਾਵਿਤ ਨਹੀਂ ਕਰਦਾ ਹੈ।**

a. ਨੇਪਾਲ ਭਾਰਤ ਵਿਰੁੱਧ ਆਤੰਕਵਾਦੀ ਗਤੀਵਿਧੀਆਂ ਦਾ ਅੱਡਾ ਹੈ।

b. ਨੇਪਾਲੀ ਮਾਉਵਾਦੀਆਂ ਦੀਆਂ ਭਾਰਤ ਵਿਰੁੱਧ ਗਤੀਵਿਧੀਆਂ।

c. ਭਾਰਤ ਦਾ ਨੇਪਾਲ ਨੂੰ ਆਰਥਿਕ ਸਮਰਥਨ।

d. ਭਾਰਤ-ਨੇਪਾਲ ਸ਼ਾਂਤੀ ਅਤੇ ਮਿੱਤਰਤਾ ਸੰਧੀ ਵਿਵਾਦ।

III. **ਭਾਰਤ-ਚੀਨ ਯੁੱਧ ਹੋਇਆ ਸੀ—**

a. 1962 b. 1971

c. 1965 d. 1974

IV. **ਮੈਕਮੋਹਨ ਰੇਖਾ ਕਦੋਂ ਨਿਸ਼ਚਿਤ ਕੀਤੀ ਗਈ ਸੀ ?**

a. 1910 b. 1914

c. 1925 d. 1935

V. **ਹੇਠ ਲਿਖਿਆਂ ਵਿਚੋਂ ਕਿਹੜੇ ਭਾਰਤੀ ਨੇਤਾ ਦੁਆਰਾ ਪੰਚਸ਼ੀਲ ਤੇ ਦਸਤਖਤ ਕੀਤੇ ਗਏ ਸਨ ?**

a. ਸ੍ਰੀਮਤੀ ਇੰਦਰਾ ਗਾਂਧੀ b. ਡਾ: ਰਾਜਿੰਦਰ ਪ੍ਰਸਾਦ

c. ਪੰ: ਜਵਾਹਰ ਲਾਲ ਨਹਿਰੂ d. ਸਰਦਾਰ ਪਟੇਲ

VI. **ਪੰਚਸ਼ੀਲ ਸਮਝੌਤੇ ਤੇ ਦਸਤਖਤ ਕਦੋਂ ਕੀਤੇ ਗਏ ਸਨ ?**

a. 1950 b. 1952

c. 1953 d. 1954

VII. **1965 ਵਿਚ ਕਿਹਨਾਂ ਦੋ ਦੇਸ਼ਾਂ ਵਿਚਕਾਰ ਯੁੱਧ ਹੋਇਆ ਸੀ ?**

a. ਭਾਰਤ-ਪਾਕਿਸਤਾਨ b. ਭਾਰਤ-ਚੀਨ

c. ਭਾਰਤ-ਸ੍ਰੀ ਲੰਕਾ d. ਪਾਕਿਸਤਾਨ-ਬੰਗਲਾਦੇਸ਼

VIII. **ਤਾਸ਼ਕੰਦ ਸਮਝੌਤਾ ਕਿਹਨਾਂ ਦੋ ਦੇਸ਼ਾਂ ਵਿਚਕਾਰ ਹੋਇਆ ਸੀ ?**

a. ਭਾਰਤ-ਚੀਨ b. ਭਾਰਤ-ਪਾਕਿਸਤਾਨ

c. ਭਾਰਤ-ਨੇਪਾਲ d. ਭਾਰਤ-ਬਰਮਾ

IX. **ਸ਼ਿਮਲਾ ਸਮਝੌਤਾ ਕਿਹਨਾਂ ਦੋ ਦੇਸ਼ਾਂ ਵਿਚਕਾਰ ਹੋਇਆ ਸੀ ?**

a. ਭਾਰਤ-ਸ੍ਰੀ ਲੰਕਾ b. ਭਾਰਤ-ਨੇਪਾਲ

c. ਭਾਰਤ-ਪਾਕਿਸਤਾਨ d. ਭਾਰਤ-ਚੀਨ

X. ਸ਼ਿਮਲਾ ਸਮਝੌਤਾ ਕਦੋਂ ਹੋਇਆ ਸੀ ?

a. 1965 b. 1967

c. 1971 d. 1972

**Ans.** I. a, II. c, III. a, IV. b, V. c, VI. d, VII. a, VIII. b, IX. c, X. d